StartingBlocks.gov.au

# ਪ੍ਰੀ-ਸਕੂਲੀ ਬੱਚਿਆਂ ਵਾਸਤੇ ਗੁਣਵੱਤਾ ਭਰਪੂਰ ਬਾਲ ਸੰਭਾਲ ਦੀ ਚੋਣ ਕਰਨਾ

ਖੋਜ ਦਿਖਾਉਂਦੀ ਹੈ ਕਿ ਸ਼ੁਰੂਆਤੀ ਸਾਲਾਂ ਵਿੱਚ ਬੱਚਿਆਂ ਦੇ ਅਨੁਭਵ ਬੇਹੱਦ ਮਾਅਨੇ ਰੱਖਦੇ ਹਨ। ਹਾਲਾਂਕਿ ਕਿਸੇ ਵੀ ਛੋਟੇ ਬੱਚੇ ਉੱਤੇ ਪਰਿਵਾਰ ਦਾ ਸਭ ਤੋਂ ਵੱਧ ਅਹਿਮ ਪ੍ਰਭਾਵ ਪੈਂਦਾ ਹੈ, ਪਰ ਬਾਲ ਸੰਭਾਲ ਵਿਖੇ ਵਾਪਰਦੇ ਅਨੁਭਵ ਅਤੇ ਰਿਸ਼ਤੇ ਵੀ ਅਹਿਮ ਹੁੰਦੇ ਹਨ।

ਤੁਹਾਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨ ਵਾਸਤੇ ਕਿ ਕੀ ਬਾਲ ਸੰਭਾਲ ਸੇਵਾ ਤੁਹਾਡੇ ਬੱਚੇ ਵਾਸਤੇ ਢੁਕਵੀਂ ਹੋਵੇਗੀ ਜਾਂ ਨਹੀਂ, ਤੁਸੀਂ ਇਹ ਦੇਖਣ ਲਈ ਸੇਵਾ ਵਿਖੇ ਜਾ ਸਕਦੇ ਹੋ ਕਿ ਉਥੇ ਕਿਸੇ ਰਵਾਇਤੀ ਦਿਨ ਵਿੱਚ ਕੀ ਵਾਪਰਦਾ ਹੈ।

ਗੁਣਵੱਤਾ ਭਰਪੂਰ ਬਾਲ ਸੰਭਾਲ ਦੀਆਂ ਕੁਝ ਵਿਸ਼ੇਸ਼ਤਾਵਾਂ ਹਨ ਜੋ ਕਿਸੇ ਵੀ ਉਮਰ ਦੇ ਬੱਚਿਆਂ 'ਤੇ ਲਾਗੂ ਹੁੰਦੀਆਂ ਹਨ ਅਤੇ ਕੁਝ ਕੁ ਪ੍ਰੀ-ਸਕੂਲੀ ਉਮਰ ਦੇ ਬੱਚਿਆਂ ਨਾਲ ਵਧੇਰੇ ਸੰਬੰਧਿਤ ਹੁੰਦੀਆਂ ਹਨ। ਇਹਨਾਂ ਵਿਚ ਸ਼ਾਮਲ ਹਨ:

### ਰਿਸ਼ਤੇ ਅਤੇ ਅੰਤਰਕਿਰਿਆਵਾਂ

ਸ਼ੁਰੂਆਤੀ ਸਾਲਾਂ ਵਿੱਚ, ਬੱਚਿਆਂ ਵਾਸਤੇ ਇਹ ਸਭ ਤੋਂ ਵੱਧ ਮਹੱਤਵਪੂਰਨ ਹੈ ਕਿ ਬਾਲ ਸੰਭਾਲ ਵਿਖੇ ਉਹਨਾਂ ਨੂੰ ਘੱਟੋ-ਘੱਟ ਇੱਕ ਸਿੱਖਿਅਕ ਨਾਲ ਦੇਖਭਾਲ ਕਰਨ ਵਾਲਾ ਅਤੇ ਉੱਤਰਦਾਈ ਰਿਸ਼ਤੇ ਦਾ ਅਨੁਭਵ ਮਿਲੇ, ਅਤੇ ਜਿਵੇਂ ਜਿਵੇਂ ਉਹ ਵੱਡੇ ਹੁੰਦੇ ਹਨ, ਉਹਨਾਂ ਦੀਆਂ ਹੋਰਨਾਂ ਬੱਚਿਆਂ ਨਾਲ ਦੋਸਤੀਆਂ ਹੋਣ।

ਹੇਠ ਲਿਖੇ ਅਭਿਆਸ ਖਾਸ ਕਰਕੇ ਮਹੱਤਵਪੂਰਨ ਹਨ:

- ਬੱਚਿਆਂ ਨੂੰ ਆਪਣੇ ਸਵੈ-ਮਾਣ ਦੀ ਭਾਵਨਾ ਵਿਕਸਿਤ ਕਰਨ ਅਤੇ ਸਿਖਿਆਰਥੀਆਂ ਅਤੇ ਕਿਰਿਆਸ਼ੀਲ ਨਾਗਰਿਕਾਂ ਵਜੋਂ ਆਪਣੇ ਆਤਮ-ਵਿਸ਼ਵਾਸ ਦਾ ਨਿਰਮਾਣ ਕਰਨ ਵਿੱਚ ਮਦਦ ਕਰਨ ਲਈ ਸਹਿਯੋਗ ਦਿੱਤਾ ਜਾਂਦਾ ਹੈ
- ਉਚਿਤ ਅਤੇ ਅਸਰਦਾਰ ਵਿਵਹਾਰ ਦੀਆਂ ਮਾਰਗ-ਦਰਸ਼ਨ ਵਾਲੀਆਂ ਰਣਨੀਤੀਆਂ ਵਰਤੀਆਂ ਜਾਂਦੀਆਂ ਹਨ, ਅਤੇ ਬੱਚਿਆਂ ਨੂੰ ਉਹਨਾਂ ਦੇ ਆਪਣੇ ਵਿਵਹਾਰ ਦਾ ਪ੍ਰਬੰਧ ਕਰਨ ਲਈ ਕਿਰਿਆਸ਼ੀਲ ਭੂਮਿਕਾ ਨਿਭਾਉਣ ਵਾਸਤੇ ਉਤਸ਼ਾਹਤ ਕੀਤਾ ਜਾਂਦਾ ਹੈ
- ਬੱਚਿਆਂ ਨੂੰ ਹੋਰ ਬੱਚਿਆਂ ਅਤੇ ਬਾਲਗਾਂ ਨਾਲ ਅਰਥਪੂਰਨ ਅਤੇ ਆਦਰ-ਭਰਪੂਰ ਵਾਰਤਾਲਾਪਾਂ ਵਿੱਚ ਸ਼ਾਮਲ ਹੋਣ ਵਾਸਤੇ ਸਹਿਯੋਗ ਦਿੱਤਾ ਜਾਂਦਾ ਹੈ
- ਸਿੱਖਿਅਕਾਂ ਅਤੇ ਪਰਿਵਾਰਾਂ ਵਿਚਕਾਰ ਬੱਚਿਆਂ ਦੀਆਂ ਲੋੜਾਂ, ਨਿੱਤਨੇਮਾਂ ਅਤੇ ਅਨੁਭਵਾਂ ਬਾਬਤ ਜਾਣਕਾਰੀ ਦੇ ਅਸਰਦਾਰ ਅਤੇ ਨਿਰੰਤਰ ਵਟਾਂਦਰੇ ਹੁੰਦੇ ਹਨ
- ਉਸਾਰੂ ਅੰਤਰਕਿਰਿਆਵਾਂ ਪਰਿਵਾਰਾਂ ਦੀ ਸਭਿਆਚਾਰਕ ਵਿਭਿੰਨਤਾ, ਧਾਰਮਿਕ ਅਤੇ ਭਾਸ਼ਾਈ ਪਿਛੋਕੜਾਂ, ਅਤੇ ਵੱਖ-ਵੱਖ ਪਰਿਵਾਰਾਂ ਦੀਆਂ ਵੱਖ-ਵੱਖ ਯੋਗਤਾਵਾਂ, ਰਹਿਣ-ਸਹਿਣ, ਕਦਰਾਂ-ਕੀਮਤਾਂ, ਅਤੇ ਬਣਤਰ ਵਾਸਤੇ ਆਦਰ ਦਾ ਪ੍ਰਦਰਸ਼ਨ ਕਰਦੀਆਂ ਹਨ।



### ਅਨੁਭਵ

ਕਿਸੇ ਸੇਵਾ ਵਿੱਚ ਬੱਚਿਆਂ ਨੂੰ ਹੋਣ ਵਾਲੇ ਅਨੁਭਵਾਂ ਦੀਆਂ ਕਿਸਮਾਂ ਬੇਹੱਦ ਮਾਅਨੇ ਰੱਖਦੀਆਂ ਹਨ।

ਹੇਠ ਲਿਖੇ ਅਭਿਆਸ ਖਾਸ ਕਰਕੇ ਮਹੱਤਵਪੂਰਨ ਹਨ:

- ਹਰ ਬੱਚੇ ਨੂੰ ਉਸਦੇ ਵਿਕਾਸ ਦੇ ਸਾਰੇ ਖੇਤਰਾਂ ਵਿੱਚ ਸਹਿਯੋਗ ਕਰਨ ਵਾਲੇ ਵੰਨ-ਸੁਵੰਨੇ ਮੌਕੇ ਅਤੇ ਅਨੁਭਵ ਦਿੱਤੇ ਜਾਂਦੇ ਹਨ ਅਤੇ ਉਸ ਨੂੰ ਇਹਨਾਂ ਤੱਕ ਪਹੁੰਚ ਹਾਸਲ ਹੁੰਦੀ ਹੈ
- ਬੱਚਿਆਂ ਨੂੰ ਆਪਣੇ ਹਾਣੀਆਂ ਨਾਲ ਛੋਟੇ ਸਮੂਹਾਂ ਵਿੱਚ ਖੇਡਣ ਵਾਸਤੇ ਕਈ ਮੌਕੇ ਮਿਲਦੇ ਹਨ ਅਤੇ ਵਿਅਕਤੀਗਤ ਖੇਡ ਅਨੁਭਵਾਂ ਵਿੱਚ ਮਗਨ ਹੋਣ ਦੇ ਮੌਕੇ ਵੀ ਮਿਲਦੇ ਹਨ ਜੇ ਉਹ ਚਾਹੁੰਦੇ ਹੋਣ
- ਬੱਚਿਆਂ ਨੂੰ ਹੇਠ ਲਿਖੇ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ ਸਹਿਯੋਗ ਕੀਤਾ ਜਾਂਦਾ ਹੈ:
  - ਕਿਸੇ ਸਮੂਹ ਦੇ ਮੈਂਬਰ ਬਣਨ ਦੀ ਸ਼ਲਾਘਾ ਕਰਨਾ ਸ਼ੁਰੂ ਕਰਨਾ
  - ਹੋਰਨਾਂ ਨੂੰ ਅਹਿਮੀਅਤ ਦੇਣਾ ਅਤੇ ਉਹਨਾਂ ਲਈ ਦੇਖਭਾਲ ਅਤੇ ਆਦਰ ਦਿਖਾਉਣਾ
  - ਲੋਕਾਂ ਵਿਚਲੇ ਫਰਕਾਂ ਨਾਲ ਸਹਿਜ ਹੋਣਾ, ਅਤੇ ਉਸ ਚੀਜ਼ ਦੀ ਸ਼ਲਾਘਾ ਕਰਨਾ ਜੋ ਲੋਕਾਂ ਵਿੱਚ ਸਾਂਝੀ ਹੈ
  - ਉਹਨਾਂ ਯੋਗਦਾਨਾਂ ਦੀ ਸ਼ਲਾਘਾ ਕਰਨਾ ਜੋ ਦੂਸਰੇ ਲੋਕ ਉਹਨਾਂ ਦੀ ਖੇਡ ਅਤੇ ਵਾਰਤਾਲਾਪਾਂ ਵਿੱਚ ਪਾ ਸਕਦੇ ਹਨ
  - ਸਹਿਯੋਗ ਕਰਨ ਅਤੇ ਮਿਲਕੇ ਕੰਮ ਕਰਨ ਦੇ ਲਾਭਾਂ ਨੂੰ ਅਨੁਭਵ ਕਰਨਾ।

- ਨਿੱਤਨੇਮ ਜਿਵੇਂ ਕਿ ਖਾਣਾ, ਸੌਣਾ/ਆਰਾਮ ਕਰਨਾ ਅਤੇ ਟੌਇਲਟ ਜਾਣਾ ਏਨਾ ਕੁ ਲਚਕਦਾਰ ਹੈ ਕਿ ਬੱਚੇ ਦੀਆਂ ਵਿਅਕਤੀਗਤ ਲੋੜਾਂ ਦੀ ਪੂਰਤੀ ਹੁੰਦੀ ਹੈ
- ਬੱਚਿਆਂ ਨੂੰ ਆਪਣੀ ਸੁਤੰਤਰਤਾ ਅਤੇ ਸਵੈ-ਮਦਦ ਮੁਹਾਰਤਾਂ ਦਾ ਅਭਿਆਸ ਕਰਨ ਅਤੇ ਵਿਕਸਿਤ ਕਰਨ ਦੇ ਮੌਕੇ ਮਿਲਦੇ ਹਨ
- ਸਿੱਖਿਅਕ ਬੱਚਿਆਂ ਦੇ ਰੋਜ਼ਾਨਾ ਦੇ ਖੇਡ ਅਨੁਭਵਾਂ ਵਿੱਚ ਸ਼ੁਰੂਆਤੀ ਅੰਕ-ਗਣਿਤਕੀ ਅਤੇ ਸਾਖਰਤਾ ਸਿੱਟਿਆਂ ਦਾ ਨਿਰਮਾਣ ਕਰਦੇ ਹਨ, ਤਾਂ ਜੋ ਹਰ ਬੱਚੇ ਨੂੰ ਅੰਕ-ਗਣਿਤ ਅਤੇ ਸਾਖਰਤਾ ਵਿੱਚ ਮਜ਼ਬੂਤ ਆਧਾਰ ਦਿੱਤਾ ਜਾਵੇ।

## ਬੱਚਿਆਂ ਵਾਸਤੇ ਪ੍ਰੋਗਰਾਮ

ਤੁਹਾਡੇ ਬੱਚੇ ਵਾਸਤੇ ਪ੍ਰਦਾਨ ਕੀਤੀਆਂ ਜਾਂਦੀਆਂ ਯੋਜਨਾਬੱਧ ਕਿਰਿਆਵਾਂ ਉਹਨਾਂ ਦੀਆਂ ਰੁਚੀਆਂ ਅਤੇ ਸਮਰੱਥਾਵਾਂ 'ਤੇ ਆਧਾਰਿਤ ਹਨ, ਅਤੇ ਉਹਨਾਂ ਮੁਹਾਰਤਾਂ ਨੂੰ ਵਿਕਸਿਤ ਕਰਨਾ ਸ਼ੁਰੂ ਕਰਨ ਵਿੱਚ ਤੁਹਾਡੇ ਬੱਚੇ ਦਾ ਸਹਿਯੋਗ ਕੀਤਾ ਜਾਂਦਾ ਹੈ ਜਿੰਨ੍ਹਾਂ ਦੀ ਉਹਨਾਂ ਨੂੰ ਸਕੂਲ ਸ਼ੁਰੂ ਕਰਨ ਸਮੇਂ ਲੋੜ ਪਵੇਗੀ।

ਗੁਣਵੱਤਾ ਭਰਪੂਰ ਅਭਿਆਸ ਉਸ ਸਮੇਂ ਵਾਪਰਦਾ ਹੈ ਜਦ ਸਿੱਖਿਅਕ ਲਚਕਦਾਰ ਯੋਜਨਾਵਾਂ ਬਣਾਉਂਦੇ ਹਨ ਅਤੇ ਉਸਾਰੂ ਰਿਸ਼ਤਿਆਂ ਅਤੇ ਬੱਚੇ ਦੇ ਅਨੁਭਵਾਂ ਵਾਸਤੇ ਤਿਆਰੀ ਕਰਦੇ ਹਨ।

ਹੇਠ ਲਿਖੇ ਅਭਿਆਸ ਖਾਸ ਕਰਕੇ ਮਹੱਤਵਪੂਰਨ ਹਨ:

- ਬੱਚਿਆਂ ਦੇ ਪ੍ਰੋਗਰਾਮਾਂ ਦੇ ਹਰੇਕ ਪੱਖ ਦਾ ਮੁਲਾਂਕਣ ਕਰਨ ਅਤੇ ਉਹਨਾਂ 'ਤੇ ਝਾਤ ਪਾਉਣ ਲਈ ਗੈਰ-ਰਸਮੀ ਅਤੇ ਰਸਮੀ ਪ੍ਰਕਿਰਿਆਵਾਂ ਸਥਾਪਤ ਹਨ ਜਿਨ੍ਹਾਂ ਦਾ ਟੀਚਾ ਅਭਿਆਸ ਵਿੱਚ ਸੁਧਾਰ ਕਰਨਾ ਹੈ
- ਯੋਜਨਾਬੰਦੀ ਬੱਚਿਆਂ ਨੂੰ ਚੋਣਾਂ ਕਰਨ ਦੀ ਇਜਾਜ਼ਤ ਦਿੰਦੀ ਹੈ ਅਤੇ ਉਹਨਾਂ ਦੇ ਰੋਜ਼ਾਨਾ ਨਿੱਤਨੇਮ ਵਿੱਚ ਲਚਕਦਾਰਤਾ ਦਾ ਨਿਰਮਾਣ ਕਰਦੀ ਹੈ। ਉਦਾਹਰਨ ਲਈ, ਰੋਜ਼ਾਨਾ ਨਿੱਤਨੇਮ ਅਤੇ ਅਨੁਭਵ ਅਜਿਹੇ ਤਰੀਕੇ ਨਾਲ ਵਿਉਂਤਬੱਧ ਹਨ, ਕਿ ਅਣਕਿਆਸੀਆਂ ਘਟਨਾਵਾਂ ਅਤੇ ਵਿਅਕਤੀਗਤ ਬੱਚਿਆਂ ਦੀਆਂ ਲੋੜਾਂ ਅਤੇ ਰੁਚੀਆਂ ਦੀ ਪੂਰਤੀ ਲਈ ਵਾਧੇ-ਘਾਟੇ ਕੀਤੇ ਜਾ ਸਕਦੇ ਹਨ।



## ਵਾਤਾਵਰਣ

ਸਰੋਤ, ਬਾਲ ਸੰਭਾਲ ਵਾਤਾਵਰਣ ਦਾ ਇੱਕ ਪ੍ਰਮੁੱਖ ਪੱਖ ਹਨ, ਅਤੇ ਵੱਖ-ਵੱਖ ਕਿਸਮ ਦੀਆਂ ਅੰਦਰੂਨੀ, ਬਾਹਰੀ ਖੇਡ ਅਤੇ ਸਿੱਖਣ ਸਮੱਗਰੀਆਂ ਅਤੇ ਸਾਜ਼ੋ-ਸਾਮਾਨ ਹੋਣੇ ਚਾਹੀਦੇ ਹਨ, ਜਿਨ੍ਹਾਂ ਨੂੰ ਬੱਚੇ ਵੱਖ-ਵੱਖ ਤਰੀਕਿਆਂ ਨਾਲ ਵਰਤ ਸਕਣ। ਇਹਨਾਂ ਸਮੱਗਰੀਆਂ ਨੂੰ ਬੱਚਿਆਂ ਨੂੰ ਪੜਚੋਲ ਕਰਨ, ਸੋਚਣ ਅਤੇ ਸਮੱਸਿਆਵਾਂ ਹੱਲ ਕਰਨ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ, ਅਤੇ ਨਾਲ ਹੀ ਉਹਨਾਂ ਦੀ ਸਿਰਜਣਾਤਮਕਤਾ ਦਾ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੀ ਉਤਸੁਕਤਾ ਨੂੰ ਟੁੰਬਣਾ ਚਾਹੀਦਾ ਹੈ। ਬੱਚਿਆਂ ਨੂੰ ਚੁਣੌਤੀ ਪੇਸ਼ ਕੀਤੇ ਜਾਣ ਦੀ ਵੀ ਲੋੜ ਹੁੰਦੀ ਹੈ ਅਤੇ ਉਹਨਾਂ ਨੂੰ ਅਜਿਹੇ ਸਾਜ਼ੋ-ਸਮਾਨ ਅਤੇ ਸਮੱਗਰੀਆਂ ਦੀ ਲੋੜ ਹੁੰਦੀ ਹੈ, ਜੋ ਉਹਨਾਂ ਨੂੰ ਆਪਣੀਆਂ ਮੁਹਾਰਤਾਂ ਅਤੇ ਗਿਆਨ ਦਾ ਵਿਕਾਸ ਕਰਨ, ਨਿਰਮਾਣ ਕਰਨ ਅਤੇ ਵਿਸਤਾਰ ਕਰਨ ਦੇ ਯੋਗ ਬਣਾਵੇਗਾ।

ਪ੍ਰੀ-ਸਕੂਲੀ ਬੱਚਿਆਂ ਵਾਸਤੇ ਗੁਣਵੱਤਾ ਭਰਪੂਰ ਦੇਖਭਾਲ ਵਿੱਚ, ਹੇਠ ਲਿਖੇ ਅਭਿਆਸ ਖਾਸ ਕਰਕੇ ਮਹੱਤਵਪੂਰਨ ਹਨ:

- ਭੌਤਿਕ ਵਾਤਾਵਰਣ ਨੂੰ ਇਸ ਤਰ੍ਹਾਂ ਵਿਉਂਤਬੱਧ ਕੀਤਾ ਜਾਂਦਾ ਹੈ ਕਿ ਇਹ ਅਰਥਪੂਰਨ ਅਨੁਭਵਾਂ ਦੇ ਨਾਲ ਬੱਚਿਆਂ ਦੀ ਇਕਾਗਰਤਾ ਅਤੇ ਆਹਰੇ ਲੱਗਣ ਵਿੱਚ ਸਹਿਯੋਗ ਕਰੇ
- ਵਾਤਾਵਰਣ ਭਾਸ਼ਾ ਅਤੇ ਪ੍ਰਿੰਟ ਦੇ ਨਾਲ ਭਰਪੂਰ ਹੈ, ਅਤੇ ਸਿੱਖਿਅਕ ਬੱਚਿਆਂ ਨਾਲ ਉਹਨਾਂ ਦੇ ਆਸੇ-ਪਾਸੇ ਵਾਪਰ ਰਹੀਆਂ ਚੀਜ਼ਾਂ ਬਾਰੇ ਗੱਲਬਾਤ ਕਰਦੇ ਹਨ
- ਸਿੱਖਿਅਕ ਬੱਚਿਆਂ ਨੂੰ ਸੰਚਾਰ ਕਰਨ ਲਈ ਉਤਸ਼ਾਹਤ ਕਰਦੇ ਹਨ, ਅਤੇ ਉਹ ਬੱਚਿਆਂ ਦੇ ਜ਼ੁਬਾਨੀ ਅਤੇ ਗੈਰ-ਜ਼ੁਬਾਨੀ ਸੰਚਾਰ ਪ੍ਰਤੀ ਉਸਾਰੂ ਤਰੀਕੇ ਨਾਲ ਪ੍ਰਤੀਕਿਰਿਆ ਦਿਖਾਉਂਦੇ ਹਨ।

## ਸਿਹਤ ਅਤੇ ਸੁਰੱਖਿਆ

ਬੱਚਿਆਂ ਦੀ ਸਿਹਤ ਬਰਕਰਾਰ ਰੱਖਣਾ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣਾ ਕਿਸੇ ਵੀ ਸੇਵਾ ਦੀ ਬੁਨਿਆਦੀ ਜ਼ਿੰਮੇਵਾਰੀ ਹੈ।

ਸੇਵਾਵਾਂ ਨੂੰ ਸਿਹਤ ਅਤੇ ਸੁਰੱਖਿਆ ਵਿੱਚ ਸਰਵੋਤਮ ਅਭਿਆਸ ਦੀ ਸੰਪੂਰਨ ਸਮਝ ਹੋਣੀ ਚਾਹੀਦੀ ਹੈ ਅਤੇ ਅਜਿਹੀਆਂ ਲਿਖਤੀ ਨੀਤੀਆਂ ਹੋਣੀਆਂ ਚਾਹੀਦੀਆਂ ਹਨ, ਜੋ ਇਸ ਸਰਵੋਤਮ ਅਭਿਆਸ ਦੀ ਝਲਕ ਦਿੰਦੀਆਂ ਹੋਣ ਅਤੇ ਇਸਦਾ ਸਹਿਯੋਗ ਕਰਦੀਆਂ ਹੋਣ।

ਬਾਲ ਸੰਭਾਲ ਵਿੱਚ, ਬੱਚਿਆਂ ਦੀ ਛੂਤਕਾਰੀ ਬਿਮਾਰੀਆਂ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਘਰ ਨਾਲੋਂ ਵਧੇਰੇ ਹੁੰਦੀ ਹੈ। ਇਹ ਅਹਿਮ ਹੈ ਕਿ ਸਿੱਖਿਅਕਾਂ ਨੂੰ ਲਾਗ (infection) ਨੂੰ ਕੰਟਰੋਲ ਕਰਨ ਬਾਰੇ ਅਤੇ ਇੱਕ ਵਿਅਕਤੀ ਤੋਂ ਦੂਜੇ ਤੱਕ ਫੈਲਣ ਵਾਲੀ ਬਿਮਾਰੀ, ਜਿਸ ਵਿੱਚ ਲਾਗ ਵਾਲੀਆਂ ਬਿਮਾਰੀਆਂ ਵੀ ਸ਼ਾਮਲ ਹਨ, ਬਾਰੇ ਤਾਜ਼ਾ ਜਾਣਕਾਰੀ ਹੋਵੇ।

ਹੇਠ ਲਿਖੇ ਅਭਿਆਸ ਖਾਸ ਕਰਕੇ ਮਹੱਤਵਪੂਰਨ ਹਨ:

- ਧੁੱਪ ਤੋਂ ਸੁਰੱਖਿਆ ਵਾਸਤੇ ਸਿਫਾਰਸ਼ ਕੀਤੇ ਜਾਂਦੇ ਅਭਿਆਸਾਂ ਨੂੰ ਲਾਗੂ ਕਰਨਾ

StartingBlocks.gov.au

- ਬੱਚਿਆਂ ਦੀ ਅਸਰਦਾਰ ਤਰੀਕੇ ਨਾਲ ਨਿਗਰਾਨੀ ਕਰਨਾ, ਅਤੇ ਯਕੀਨੀ ਬਣਾਉਣਾ ਕਿ ਬੱਚਿਆਂ ਨੂੰ ਜਾਨਵਰਾਂ ਤੱਕ ਬਗੈਰ-ਨਿਗਰਾਨੀ ਪਹੁੰਚ ਨਾ ਹੋਵੇ
- ਇਹ ਯਕੀਨੀ ਬਣਾਉਣਾ ਕਿ ਵਾਤਾਵਰਣ ਧੂੰਏਂ, ਨਸ਼ੀਲੀ ਦਵਾਈ ਅਤੇ ਸ਼ਰਾਬ ਤੋਂ ਮੁਕਤ ਹੋਵੇ
- ਅਜਿਹੀ ਨੀਤੀ ਹੋਣਾ ਜੋ ਸਿਹਤਮੰਦ ਪੋਸ਼ਣ ਨੂੰ ਵਧਾਵਾ ਦੇਵੇ, ਇਸ ਵਿੱਚ ਉਹ ਮੌਕੇ ਵੀ ਸ਼ਾਮਲ ਹਨ ਜਦ ਭੋਜਨ ਘਰੋਂ ਲਿਆਂਦਾ ਜਾਂਦਾ ਹੈ
- ਸੇਵਾ ਵਿੱਚ ਮੌਜੂਦ ਸਾਫ਼-ਸਫ਼ਾਈ ਅਭਿਆਸਾਂ ਦੇ ਰਾਹੀਂ ਇਕ ਤੋਂ ਦੂਜੇ ਨੂੰ ਲੱਗਣ ਵਾਲੀ ਲਾਗ ਨੂੰ ਘੱਟੋ-ਘੱਟ ਕਰਨ ਵਾਸਤੇ ਸਪੱਸ਼ਟ ਪ੍ਰਕਿਰਿਆਵਾਂ ਦਾ ਹੋਣਾ, ਬਿਮਾਰ ਬੱਚਿਆਂ ਨੂੰ ਅਲੱਗ ਕਰਨਾ ਅਤੇ ਬੱਚਿਆਂ ਦੀ ਵਿਅਕਤੀਗਤ ਟੀਕਾਕਰਨ ਸਥਿਤੀ ਨੂੰ ਤਰੋ-ਤਾਜ਼ਾ ਰੱਖਣਾ
- ਅੰਦਰ ਅਤੇ ਬਾਹਰ ਸੁਰੱਖਿਅਤ ਖੇਤਰਾਂ ਦਾ ਹੋਣਾ, ਜਿੱਥੇ ਬੱਚੇ ਆਪਣੀਆਂ ਵਿਕਸਿਤ ਹੋ ਰਹੀਆਂ ਮੁਹਾਰਤਾਂ ਦਾ ਅਭਿਆਸ ਕਰ ਸਕਦੇ ਹਨ, ਜਿਵੇਂ ਕਿ ਉੱਪਰ ਚੜ੍ਹਨਾ, ਸੰਤੁਲਨ ਬਣਾਉਣਾ, ਦੌੜਨਾ, ਅਤੇ ਕੁੱਦਣਾ। ਇਹ ਵੀ ਮਹੱਤਵਪੂਰਨ ਹੈ ਕਿ ਸਾਜ਼ੋ-ਸਮਾਨ ਅਤੇ ਖਾਲੀ ਜਗ੍ਹਾਵਾਂ ਬੱਚਿਆਂ ਵਾਸਤੇ ਇੱਕ ਚੁਣੌਤੀ ਦਾ ਅੰਸ਼ ਪ੍ਰਦਾਨ ਕਰਦੇ ਹਨ
- ਦੇਖਭਾਲ ਵਿੱਚ ਹੋਣ ਦੌਰਾਨ ਪਰਿਵਾਰਾਂ ਨੂੰ ਉਹਨਾਂ ਦੇ ਬੱਚੇ ਦੀ ਸਿਹਤ ਅਤੇ ਤੰਦਰੁਸਤੀ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਸਤੇ ਇੱਕ ਅਸਰਦਾਰ ਪ੍ਰਕਿਰਿਆ ਦਾ ਹੋਣਾ
- ਬੱਚਿਆਂ ਨੂੰ ਸਿਹਤ ਅਤੇ ਸੁਰੱਖਿਆ ਸੰਬੰਧੀ ਮਸਲਿਆਂ ਦੀ ਸਮਝ ਵਿਕਸਿਤ ਕਰਨ ਅਤੇ ਸਵੈ-ਸੰਭਾਲ ਦੀਆਂ ਮੁਹਾਰਤਾਂ ਦਾ ਅਭਿਆਸ ਕਰਨ ਵਿੱਚ ਸਹਿਯੋਗ ਕਰਨਾ।

**ਹੋਰ ਪੜ੍ਹੋ:**

- ਬਾਲ ਸੰਭਾਲ ਸੇਵਾ ਦੀ ਚੋਣ ਕਰਦੇ ਸਮੇਂ ਪੁੱਛੇ ਜਾਣ ਲਈ ਮੁੱਖ ਸਵਾਲ
- ਆਪਣੇ ਨੇੜੇ ਦੀ ਬਾਲ ਸੰਭਾਲ ਲੱਭੋ।

